# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ
## (ਰਜਿਸਟਰਾਰ ਦਫ਼ਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/614 ਮਿਤੀ: 10.09.2026

## ਦਫ਼ਤਰੀ ਹੁਕਮ

**ਵਿਸ਼ਾ: ਸ਼੍ਰੀ ਚੁੰਨੀ ਲਾਲ ਭਗਤ, ਸਾਬਕਾ ਮੰਤਰੀ ਪੰਜਾਬ ਜੀ ਦੇ ਦਿਹਾਂਤ ਤੇ ਛੁੱਟੀ ਘੋਸ਼ਿਤ ਕਰਨ ਸੰਬੰਧੀ।**

ਪੰਜਾਬ ਸਰਕਾਰ ਦੇ ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸ਼ਾਖਾ) ਦੇ ਅਧਿਸੂਚਨਾ ਨੰ. ਪਿ:ਅੰ:ਨੰ: 9/2/2025-3ਰਾਜ-1/297-309 ਮਿਤੀ 10.09.2026 ਅਨੁਸਾਰ ਸ੍ਰੀ ਚੁੰਨੀ ਲਾਲ ਭਗਤ, ਸਾਬਕਾ ਮੰਤਰੀ ਪੰਜਾਬ ਜੀ ਦਾ ਦਿਹਾਂਤ ਹੋ ਗਿਆ ਹੈ। ਇਸ ਸੰਬੰਧੀ ਪੰਜਾਬ ਸਰਕਾਰ ਵੱਲੋਂ ਅੱਜ ਮਿਤੀ 10.09.2026 ਦਿਨ ਵੀਰਵਾਰ ਨੂੰ ਪੰਜਾਬ ਸਰਕਾਰ ਦੇ ਸਮੂਹ ਸਰਕਾਰੀ ਦਫ਼ਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਬਾਕੀ ਰਹਿੰਦੇ ਦਿਨ ਦੀ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਦੇ ਉਪਰੋਕਤ ਹੁਕਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਈ.ਕੇ.ਜੀ.ਪੀ.ਟੀ.ਯੂ. ਕਪੂਰਥਲਾ ਕੈਂਪਸ ਅਤੇ ਹੋਰਨਾਂ ਕੌਂਸਟੀਚਿਊਐਂਟ ਕੈਂਪਸਾਂ ਵਿੱਚ ਸ਼੍ਰੀ ਚੁੰਨੀ ਲਾਲ ਭਗਤ, ਸਾਬਕਾ ਮੰਤਰੀ ਪੰਜਾਬ ਜੀ ਦੇ ਦਿਹਾਂਤ ਦੇ ਸ਼ੋਕ ਵਜੋਂ ਅੱਜ ਮਿਤੀ 10.09.2026 (ਵੀਰਵਾਰ) ਨੂੰ ਬਾਕੀ ਰਹਿੰਦੇ ਦਿਨ ਦੀ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

**ਨੋਟ:** ਪਹਿਲਾਂ ਤੋਂ ਨਿਰਧਾਰਿਤ ਅਤਿ-ਜ਼ਰੂਰੀ ਕੰਮਾਂ ਨਾਲ ਸੰਬੰਧਤ ਸਟਾਫ਼ ਹਾਜ਼ਰ ਰਹੇਗਾ।

ਇਹ ਦਫ਼ਤਰੀ ਹੁਕਮ ਮਾਣਯੋਗ ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ।

**(ਡਾ. ਨਵਦੀਪਕ ਸੰਧੂ)**
ਰਜਿਸਟਰਾਰ

ਪਿੱਠ ਅੰ:ਨੰ:ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/615-619 ਮਿਤੀ: 10.09.2026

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਕੱਤਰ, ਉਪ-ਕੁਲਪਤੀ: ਮਾਣਯੋਗ ਉਪ-ਕੁਲਪਤੀ ਜੀ ਦੀ ਜਾਣਕਾਰੀ ਹਿੱਤ।
2. ਸਮੂਹ ਵਿਭਾਗ ਮੁਖੀ (ਟੀਚਿੰਗ ਅਤੇ ਨਾਨ-ਟੀਚਿੰਗ)
3. ਸਮੂਹ ਡਾਇਰੈਕਟਰ (ਆਈ.ਕੇ.ਜੀ.ਪੀ.ਟੀ.ਯੂ. ਦੇ ਕੌਂਸਟੀਚਿਊਐਂਟ ਕੈਂਪਸ)
4. ਸਮੂਹ ਡਾਇਰੈਕਟਰ/ਪ੍ਰਿੰਸੀਪਲ (ਆਈ.ਕੇ.ਜੀ.ਪੀ.ਟੀ.ਯੂ. ਦੇ ਮਾਨਤਾ ਪ੍ਰਾਪਤ/ਖੁਦਮੁਖਤਿਆਰੀ ਕਾਲਜ)
5. ਇੰਚਾਰਜ (ਆਈ.ਟੀ.ਐਸ.): ਵੈੱਬਸਾਈਟ 'ਤੇ ਅਪਲੋਡ ਕਰਵਾਉਣ ਹਿੱਤ।

**(ਡਾ. ਨਵਦੀਪਕ ਸੰਧੂ)**
ਰਜਿਸਟਰਾਰ